ਕਹਾਣੀਆਂ ਦੀ ਕਹਾਣੀ

ਕਹਾਣੀਆਂ! ਆਹਾ, ਕਹਾਣੀਆਂ! ਅਸੀਂ ਉਨ੍ਹਾਂ ਨੂੰ ਸੁਣਨਾ ਕਿੰਨਾ ਪਸੰਦ ਕਰਦੇ ਹਾਂ! ਅਸੀਂ ਉਨ੍ਹਾਂ ਨੂੰ ਸੁਣਾਉਣਾ ਕਿੰਨਾ ਪਸੰਦ ਕਰਦੇ ਹਾਂ! ਇੱਕ ਵਧੀਆ ਕਹਾਣੀ ਸਾਨੂੰ ਭੁੱਖ ਤੇ ਤਰਸ ਭੁਲਾ ਦਿੰਦੀ ਹੈ। ਚੰਗੀ ਕਹਾਣੀ ਦੇ ਸਾਹਮਣੇ ਤਾਂ ਨੀਂਦ ਵੀ ਦੂਰ ਹੋ ਜਾਂਦੀ ਹੈ!

ਤੁਸੀਂ ਕਿੰਨੀਆਂ ਕਹਾਣੀਆਂ ਸੁਣੀਆਂ ਹਨ? ਕਿੰਨੀਆਂ ਸੁਣਾਈਆਂ ਹਨ? ਕੀ ਇਹਨਾਂ ਦੀ ਗਿਣਤੀ ਕਰਨਾ ਵੀ ਸੰਭਵ ਹੈ? ਰਾਜਿਆਂ ਅਤੇ ਰਾਣੀਆਂ ਦੀਆਂ ਕਹਾਣੀਆਂ, ਪੁਰਾਤਨ ਸਮਿਆਂ ਦੀਆਂ, ਜਾਦੂ ਦੀਆਂ, ਦਰੱਖਤਾਂ, ਫੁੱਲਾਂ ਅਤੇ ਜਾਨਵਰਾਂ ਦੀਆਂ... ਮਜ਼ੇਦਾਰ ਕਹਾਣੀਆਂ, ਦਾਦੀਆਂ-ਨਾਨੀਆਂ ਅਤੇ ਦਾਦਿਆਂ-ਨਾਨਿਆਂ ਦੀਆਂ ਕਹਾਣੀਆਂ, ਅਤੇ ਉਹ ਕਹਾਣੀਆਂ ਜੋ ਸਾਨੂੰ ਸੋਚਣ 'ਤੇ ਮਜਬੂਰ ਕਰਦੀਆਂ ਹਨ।

ਕਹਾਣੀਆਂ ਕਿੱਥੋਂ ਆਉਂਦੀਆਂ ਹਨ? ਆਓ, ਕੁਝ ਕਹਾਣੀਆਂ ਬਾਰੇ ਕਹਾਣੀਆਂ ਦੇਖੀਏ ਤੇ ਪਤਾ ਕਰੀਏ।








ਇਹ ਰਹੀ ਭਾਰਤ ਦੀ ਇੱਕ ਕਹਾਣੀ:

ਇੱਕ ਵਾਰ ਇੱਕ ਨਾਈ ਨੇ ਇਕ ਰਾਜ਼ ਸੁਣ ਲਿਆ। ਉਸ ਨੇ ਇਸਨੂੰ ਆਪਣੇ ਤੱਕ ਹੀ ਰੱਖਣ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਉਸਦਾ ਪੇਟ ਫੁੱਲ ਕੇ ਫਟਣ ਵਾਲਾ ਹੋ ਗਿਆ! ਆਖਿਰਕਾਰ, ਉਸ ਨੇ ਇਹ ਰਾਜ਼ ਆਪਣੀ ਪਤਨੀ ਨੂੰ ਦੱਸ ਦਿੱਤਾ। ਕਿੰਨੀ ਰਾਹਤ ਮਿਲੀ!

ਹੁਣ ਇਹ ਰਾਜ਼ ਉਸ ਦੀ ਪਤਨੀ ਦੇ ਪੇਟ ਨੂੰ ਫੁਲਾਉਣ ਲੱਗ ਪਿਆ। ਆਖਿਰਕਾਰ, ਉਸਨੂੰ ਵੀ ਇਹ ਕਿਸੇ ਨੂੰ ਦੱਸਣਾ ਪਿਆ। ਪਰ ਕਿਸਨੂੰ? ਉਸ ਨੇ ਜ਼ਮੀਨ ਵਿੱਚ ਇੱਕ ਖੱਡਾ ਖੋਦਿਆ ਅਤੇ ਉਸ ਵਿੱਚ ਰਾਜ਼ ਫੁਸਫੁਸਾ ਦਿੱਤਾ। ਫਿਰ ਉਸ ਨੇ ਧਿਆਨ ਨਾਲ ਖੱਡੇ ਨੂੰ ਢੱਕ ਦਿੱਤਾ।

ਸਮਾਂ ਬੀਤ ਗਿਆ। ਕੀ ਰਾਜ਼ ਸੁਰੱਖਿਅਤ ਰਿਹਾ? ਨਹੀਂ! ਠੀਕ ਉਸੀ ਥਾਂ 'ਤੇ, ਜਿੱਥੇ ਉਸ ਨੇ ਖੱਡਾ ਖੋਦਿਆ ਸੀ, ਇੱਕ ਦਰੱਖਤ ਉੱਗ ਆਇਆ। ਕਈ ਸਾਲਾਂ ਬਾਅਦ, ਉਸ ਦੇ ਲੱਕੜ ਤੋਂ ਇੱਕ ਬੰਸਰੀ ਬਣਾਈ ਗਈ। ਜਿਹੜਾ ਵੀ ਉਸਦੀ ਧੁਨ ਸੁਣਦਾ, ਉਹ ਰਾਜ਼ ਵੀ ਸੁਣ ਲੈਂਦਾ!






ਕਹਾਣੀਆਂ ਬਾਰੇ ਇੱਕ ਹੋਰ ਕਹਾਣੀ ਹੈ। ਇਹ ਅਫਰੀਕਾ ਤੋਂ ਹੈ:

ਇੱਕ ਵਾਰ ਇੱਕ ਛੋਟਾ ਜਿਹਾ ਚੂਹਾ ਸੀ। ਉਸਨੂੰ ਘਰਾਂ ਵਿੱਚ ਚੁਪਕੇ ਨਾਲ ਘੁੱਸਣਾ ਅਤੇ ਦਰਾਰਾਂ ਵਿੱਚ ਲੁਕਣਾ ਬਹੁਤ ਪਸੰਦ ਸੀ। ਉੱਥੇ ਉਹ ਬੈਠ ਕੇ ਉਹਨਾਂ ਲੋਕਾਂ ਦੀਆਂ ਕਹਾਣੀਆਂ ਸੁਣਦਾ ਸੀ ਜੋ ਉਨ੍ਹਾਂ ਘਰਾਂ ਵਿੱਚ ਰਹਿੰਦੇ ਸਨ। ਚੂਹੇ ਨੂੰ ਇਹ ਕਹਾਣੀਆਂ ਬਹੁਤ ਪਿਆਰੀਆਂ ਸਨ ਅਤੇ ਉਹ ਉਨ੍ਹਾਂ ਨੂੰ ਇੱਕ ਦਰੱਖਤ ਹੇਠਾਂ ਖੋਦੇ ਹੋਏ ਬਿੱਲ ਵਿੱਚ ਸੰਭਾਲ ਕੇ ਰੱਖਦਾ ਸੀ।

ਇੱਕ ਚਲਾਕ ਲੂੰਬੜੀ ਚੂਹੇ ਨੂੰ ਕਹਾਣੀਆਂ ਲੁਕਾਉਂਦੇ ਵੇਖ ਰਹੀ ਸੀ। ਇੱਕ ਸਵੇਰ, ਲੂੰਬੜੀ ਨੇ ਖੁੱਡ ਪੁੱਟ ਦਿੱਤੀ। ਹਾਏ ਰੱਬਾ! ਕਹਾਣੀਆਂ ਕੰਬਣ ਲੱਗੀਆਂ! ਉਹ ਖੁੱਡ ਵਿੱਚੋਂ ਨਿਕਲ ਪਈਆਂ ਅਤੇ ਹਰ ਪਾਸੇ ਦੌੜਣ ਲੱਗੀਆਂ। ਉਹ ਸ਼ਹਿਰ ਵਿੱਚ ਦੌੜਦੀਆਂ ਗਈਆਂ, ਫਿਰ ਪਿੰਡਾਂ ਵੱਲ, ਖੇਤਾਂ, ਪਿੰਡਾਂ ਅਤੇ ਸ਼ਹਿਰਾਂ ਵਿੱਚ ਫੈਲ ਗਈਆਂ...







ਇਸ ਤਰ੍ਹਾਂ, ਪ੍ਰਾਚੀਨ ਸਮਿਆਂ ਤੋਂ ਹੀ ਕਹਾਣੀਆਂ ਦੁਨੀਆ ਭਰ ਵਿੱਚ ਦੌੜ ਰਹੀਆਂ ਹਨ।

ਉਹ ਤੁਹਾਡੇ ਸ਼ਹਿਰ ਵੱਲ ਵੀ ਆ ਰਹੀਆਂ ਹਨ ਅਤੇ ਮੇਰੇ ਸ਼ਹਿਰ ਵੱਲ ਵੀ! ਉਹ ਸਾਡੇ ਦੋਸਤਾਂ ਅਤੇ ਪਰਿਵਾਰਾਂ ਵੱਲ ਆ ਰਹੀਆਂ ਹਨ! ਉਹ ਤੁਹਾਡੇ ਅਤੇ ਮੇਰੇ ਵੱਲ ਦੌੜ ਰਹੀਆਂ ਹਨ!

ਅਤੇ ਇਹ ਰਹੀਆਂ ਉਹਨਾਂ ਵਿੱਚੋਂ ਕੁਝ ਕਹਾਣੀਆਂ:


P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy


ਹਾਥੀ ਅਤੇ ਕੁੱਤਾ

ਕਦੇ ਕਾਸੀ ਦੇ ਰਾਜਾ ਬ੍ਰਹਮਦੱਤ ਦਾ ਇਕ ਪਿਆਰਾ ਹਾਥੀ ਸੀ। ਇਸ ਰਾਜਸੀ ਹਾਥੀ ਦੀ ਦੇਖਭਾਲ ਮਹਾਵਤ ਕਰਦਾ ਸੀ। ਹਰ ਰੋਜ਼ ਉਹ ਹਾਥੀ ਨੂੰ ਚੰਗਾ ਤੇ ਪੋਸ਼ਟਿਕ ਖਾਣਾ ਖੁਆਉਂਦਾ ਸੀ। ਸਵੇਰੇ ਅਤੇ ਸ਼ਾਮ ਨੂੰ ਉਹ ਹਾਥੀ ਨੂੰ ਤਲਾਬ 'ਤੇ ਲੈ ਜਾ ਕੇ ਪਿਆਰ ਨਾਲ ਨਹਾਉਂਦਾ ਸੀ।

ਇੱਕ ਦਿਨ ਇੱਕ ਛੋਟਾ ਕੁੱਤਾ ਸ਼ਾਹੀ ਹਾਥੀਖਾਨੇ ਵਿੱਚ ਆ ਗਿਆ। ਹਾਥੀ ਨੇ ਆਪਣੇ ਖਾਣੇ ਵਿੱਚੋਂ ਕੁੱਤੇ ਨਾਲ ਸਾਂਝ ਪਾਈ। ਇਸ ਤਰ੍ਹਾਂ ਕੁੱਤਾ ਹਰ ਰੋਜ਼ ਸ਼ਾਹੀ ਹਾਥੀਖਾਨੇ ਆਉਣ ਲੱਗ ਪਿਆ।



ਜਲਦੀ ਹੀ ਦੋਵੇਂ ਜਾਨਵਰ ਘਣੇ ਮਿੱਤਰ ਬਣ ਗਏ। ਉਹ ਇਕੱਠੇ ਖਾਂਦੇ, ਇਕੱਠੇ ਨਹਾਉਂਦੇ ਅਤੇ ਇਕੱਠੇ ਖੇਡਦੇ ਸਨ। ਕੁੱਤਾ ਹਾਥੀ ਦੀ ਸੂੰਡ 'ਤੇ ਚੜ੍ਹ ਜਾਂਦਾ ਅਤੇ ਹਾਥੀ ਉਸਨੂੰ ਇਧਰ-ਉਧਰ ਝੁਲਾਂਦਾ ਸੀ। ਹੁਣ ਹਾਥੀ ਹਮੇਸ਼ਾਂ ਕੁੱਤੇ ਦੀ ਉਡੀਕ ਕਰਦਾ ਸੀ। ਜੇ ਕੁੱਤਾ ਨਾ ਆਉਂਦਾ, ਤਾਂ ਹਾਥੀ ਖਾਣਾ ਵੀ ਨਹੀਂ ਖਾਂਦਾ ਸੀ।



ਇੱਕ ਦਿਨ ਮਹਾਵਤ ਨੂੰ ਪੈਸਿਆਂ ਦੀ ਲੋੜ ਪੈ ਗਈ। ਮਜ਼ਬੂਰੀ ਵਿੱਚ ਉਸ ਨੇ ਛੋਟੇ ਕੁੱਤੇ ਨੂੰ ਵੇਚ ਦਿੱਤਾ। ਵਿਚਾਰਾ ਕੁੱਤਾ ਬਹੁਤ ਦੁਖੀ ਹੋਇਆ, ਪਰ ਉਹ ਕੀ ਕਰ ਸਕਦਾ ਸੀ? ਉਹ ਆਪਣੇ ਨਵੇਂ ਮਾਲਕ ਦੇ ਨਾਲ ਚੁੱਪਚਾਪ ਚਲਾ ਗਿਆ।

ਹੁਣ ਹਾਥੀ ਨੇ ਨਾ ਖਾਣਾ ਖਾਧਾ ਅਤੇ ਨਾ ਪਾਣੀ ਪੀਤਾ। ਉਹ ਤਲਾਬ 'ਤੇ ਜਾਣ ਤੋਂ ਵੀ ਇਨਕਾਰ ਕਰਦਾ ਰਿਹਾ ਅਤੇ ਬਾਹਰ ਨਹੀਂ ਨਿਕਲਿਆ। ਮਹਾਵਤ ਨੇ ਉਸਨੂੰ ਗੰਨੇ, ਕੇਲੇ ਅਤੇ ਹੋਰ ਸੁਆਦਲੇ ਪਦਾਰਥ ਦਿੱਤੇ, ਪਰ ਹਾਥੀ ਨੇ ਮੂੰਹ ਮੋੜ ਲਿਆ ਅਤੇ ਇਕ ਬੁਰਕੀ ਵੀ ਨਾ ਖਾਧੀ। ਇੱਕ ਦਿਨ ਲੰਘ ਗਿਆ ਪਰ ਕੋਈ ਫ਼ਰਕ ਨਾ ਪਿਆ। ਫਿਰ ਮਹਾਵਤ ਰਾਜੇ ਕੋਲ ਗਿਆ ਅਤੇ ਦੱਸਿਆ ਕਿ ਉਸ ਦਾ ਪਿਆਰਾ ਹਾਥੀ ਬੀਮਾਰ ਹੈ।

"ਕਿਰਪਾ ਕਰਕੇ ਡਾਕਟਰ ਭੇਜੋ!" ਉਸ ਨੇ ਬੇਨਤੀ ਕੀਤੀ।

ਰਾਜੇ ਨੇ ਆਪਣਾ ਸਭ ਤੋਂ ਬੁੱਧੀਮਾਨ ਮੰਤਰੀ ਹਾਥੀ ਨੂੰ ਵੇਖਣ ਲਈ ਭੇਜਿਆ। ਮੰਤਰੀ ਸ਼ਾਹੀ ਹਾਥੀਖਾਨੇ ਵਿੱਚ ਗਿਆ ਅਤੇ ਹਾਥੀ ਦੀ ਜਾਂਚ ਕੀਤੀ। ਉਸ ਨੇ ਸੋਚਿਆ, "ਇਹ ਹਾਥੀ ਦੁੱਖੀ ਤਾਂ ਹੈ, ਪਰ ਬੀਮਾਰ ਨਹੀਂ। ਜ਼ਰੂਰ ਇਸਨੂੰ ਕੋਈ ਚਿੰਤਾ ਹੈ।"

ਜਦੋਂ ਮੰਤਰੀ ਨੇ ਲੋਕਾਂ ਨੂੰ ਪੁੱਛਿਆ, ਉਹ ਕਹਿਣ ਲੱਗੇ, "ਹਾਥੀ ਦਾ ਇਕ ਦੋਸਤ ਸੀ... ਇਕ ਕੁੱਤਾ... ਉਹ ਇਕੱਠੇ ਖੇਡਦੇ ਸਨ..."

"ਕੁੱਤਾ ਕਿੱਥੇ ਹੈ?" ਮੰਤਰੀ ਨੇ ਪੁੱਛਿਆ।

"ਇੱਕ ਅਜਨਬੀ ਉਸਨੂੰ ਲੈ ਗਿਆ," ਉਹਨਾਂ ਨੇ ਦੱਸਿਆ।

ਮੰਤਰੀ ਨੇ ਰਾਜੇ ਨੂੰ ਕਿਹਾ, "ਤੁਹਾਡਾ ਹਾਥੀ ਸਿਹਤਮੰਦ ਹੈ, ਪਰ ਉਸਦਾ ਮਨ ਦੁਖੀ ਹੈ। ਉਸਦਾ ਇਕ ਦੋਸਤ ਸੀ—ਇਕ ਕੁੱਤਾ। ਉਹ ਆਪਣੇ ਦੋਸਤ ਦੀ ਯਾਦ ਵਿੱਚ ਤੜਫ਼ ਰਿਹਾ ਹੈ।"

ਰਾਜੇ ਨੇ ਤੁਰੰਤ ਢੋਲੀਆਂ ਨੂੰ ਹੁਕਮ ਦਿੱਤਾ ਕਿ ਐਲਾਨ ਕੀਤਾ ਜਾਵੇ:
"ਜਿਸ ਕਿਸੇ ਨੇ ਸ਼ਾਹੀ ਹਾਥੀਖਾਨੇ ਤੋਂ ਕੁੱਤਾ ਲਿਆ ਹੈ, ਉਹ ਇਸਨੂੰ ਤੁਰੰਤ ਵਾਪਸ ਕਰੇ!"

ਕੁੱਤੇ ਦਾ ਨਵਾਂ ਮਾਲਕ ਡਰ ਗਿਆ ਅਤੇ ਉਸ ਨੇ ਤੁਰੰਤ ਕੁੱਤਾ ਵਾਪਸ ਕਰ ਦਿੱਤਾ। ਕੁੱਤਾ ਸਿੱਧਾ ਦੌੜ ਕੇ ਹਾਥੀ ਕੋਲ ਗਿਆ।



ਦੋਵੇਂ ਇਕ ਦੂਜੇ ਨੂੰ ਵੇਖ ਕੇ ਬਹੁਤ ਖੁਸ਼ ਹੋਏ। ਖੁਸ਼ੀ ਦੇ ਹੰਝੂ ਹਾਥੀ ਦੀਆਂ ਅੱਖਾਂ ਤੋਂ ਵਗ ਪਏ। ਉਸ ਨੇ ਆਪਣੀ ਸੁੰਡ ਨਾਲ ਕੁੱਤੇ ਨੂੰ ਉਠਾ ਕੇ ਆਪਣੇ ਵੱਡੇ ਸਿਰ 'ਤੇ ਪਿਆਰ ਨਾਲ ਬਿਠਾ ਲਿਆ।

ਇਸ ਵੇਲੇ ਮਹਾਵਤ ਸੁਆਦਲੇ ਖਾਣੇ ਨਾਲ ਆਇਆ, ਪਰ ਹਾਥੀ ਨੇ ਫਿਰ ਵੀ ਨਹੀਂ ਖਾਧਾ। ਮਹਾਵਤ ਉਸਨੂੰ ਮਨਾਉਂਦਾ ਰਿਹਾ, ਪਰ ਹਾਥੀ ਨਾ ਮੰਨਿਆ। ਜਦੋਂ ਪਹਿਲਾਂ ਕੁੱਤੇ ਨੇ ਖਾਣਾ ਖਤਮ ਕੀਤਾ, ਤਾਂ ਹੀ ਹਾਥੀ ਨੇ ਖਾਣਾ ਸ਼ੁਰੂ ਕੀਤਾ।

ਖਾਣੇ ਤੋਂ ਬਾਅਦ ਦੋਵੇਂ ਮਿੱਤਰ ਫਿਰ ਇਕੱਠੇ ਖੇਡਣ ਲੱਗ ਪਏ।


(ਜਾਤਕ ਕਥਾ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy


ਨੌਂ ਜਾਂ ਦੱਸ?




ਇੱਕ ਵਪਾਰੀ ਆਪਣੇ ਦੱਸ ਊਠਾਂ ਨਾਲ ਰੇਗਿਸਤਾਨ ਦੀ ਯਾਤਰਾ 'ਤੇ ਨਿਕਲਿਆ। ਉਹ ਅੱਗੇ ਵਾਲੇ ਊਠ 'ਤੇ ਸਵਾਰ ਸੀ ਅਤੇ ਬਾਕੀ ਊਠ ਉਸਦੇ ਪਿੱਛੇ-ਪਿੱਛੇ ਆ ਰਹੇ ਸਨ।

ਥੋੜ੍ਹੀ ਦੇਰ ਬਾਅਦ ਉਸਨੇ ਸੋਚਿਆ, "ਕੀ ਸਾਰੇ ਊਠ ਮੇਰੇ ਪਿੱਛੇ ਆ ਰਹੇ ਹਨ?" ਉਸਨੇ ਮੁੜ ਕੇ ਗਿਣਤੀ ਕੀਤੀ:
"ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ... ਹਾਏ! ਇੱਕ ਊਠ ਤਾਂ ਘੱਟ ਹੈ!"

ਵਪਾਰੀ ਤੁਰੰਤ ਥੱਲੇ ਉਤਰਿਆ ਅਤੇ ਹਰ ਪਾਸੇ ਊਠ ਨੂੰ ਲੱਭਣ ਲੱਗ ਪਿਆ।



ਪਰ ਉਸਨੂੰ ਕਿਤੇ ਵੀ ਗੁੰਮ ਹੋਇਆ ਊਠ ਨਾ ਮਿਲਿਆ। ਉਸਨੇ ਸੋਚਿਆ, "ਸ਼ਾਇਦ ਮੇਰੀ ਗਿਣਤੀ ਗਲਤ ਹੋ ਗਈ ਹੋਵੇ। ਚਲੋ ਫਿਰ ਗਿਣਦਾ ਹਾਂ।"




"ਇੱਕ, ਦੋ, ਤਿੰਨ, ਚਾਰ..."

ਇਸ ਵਾਰੀ ਸਾਰੇ ਦੱਸ ਊਠ ਮੌਜੂਦ ਸਨ!

ਵਪਾਰੀ ਨੂੰ ਬਹੁਤ ਰਾਹਤ ਮਿਲੀ। ਉਹ ਮੁੜ ਊਠ 'ਤੇ ਚੜ੍ਹ ਗਿਆ ਅਤੇ ਕਾਫ਼ਲੇ ਨੂੰ ਅੱਗੇ ਲੈ ਚੱਲਿਆ। ਕੁਝ ਸਮੇਂ ਬਾਅਦ ਉਸਨੇ ਫਿਰ ਮੁੜ ਕੇ ਗਿਣਤੀ ਕੀਤੀ।

ਹਾਏ! ਫਿਰ ਸਿਰਫ਼ ਨੌਂ ਹੀ ਊਠ ਨਜ਼ਰ ਆਏ!



ਵਪਾਰੀ ਹੈਰਾਨ ਹੋ ਗਿਆ। "ਇਹ ਊਠਾਂ ਦੀ ਗਿਣਤੀ ਵਾਰ-ਵਾਰ ਕਿਉਂ ਬਦਲ ਰਹੀ ਹੈ?"

ਉਹ ਫਿਰ ਥੱਲੇ ਉਤਰਿਆ ਅਤੇ ਹਰ ਪਾਸੇ ਲੱਭਣ ਲੱਗ ਪਿਆ, ਪਰ ਗੁੰਮ ਹੋਇਆ ਊਠ ਕਿਤੇ ਨਾ ਮਿਲਿਆ। ਥੱਕ ਕੇ ਉਹ ਵਾਪਸ ਕਾਫ਼ਲੇ ਕੋਲ ਆ ਗਿਆ।

ਫਿਰ ਉਸਨੇ ਸੋਚਿਆ, "ਕੀ ਮੈਂ ਗਲਤੀ ਕਰ ਰਿਹਾ ਹਾਂ? ਚਲੋ ਫਿਰ ਗਿਣਦਾ ਹਾਂ।"

"ਇੱਕ, ਦੋ, ਤਿੰਨ, ਚਾਰ..."

ਹੈਰਾਨੀ ਦੀ ਗੱਲ! ਸਾਰੇ ਦੱਸ ਊਠ ਠੀਕ-ਠਾਕ ਸਨ!

"ਓਹ!" ਉਹ ਬੋਲਿਆ, "ਇਹ ਤਪਦੀ ਗਰਮੀ ਮੇਰਾ ਦਿਮਾਗ ਘੁਮਾ ਰਹੀ ਹੈ।"

ਉਹ ਥੱਕੇ ਹੋਏ ਮਨ ਨਾਲ ਅੱਗੇ ਵਾਲੇ ਊਠ 'ਤੇ ਚੜ੍ਹ ਗਿਆ ਅਤੇ ਕਾਫ਼ਲੇ ਨੂੰ ਹੌਲੀ-ਹੌਲੀ ਅੱਗੇ ਵਧਾਉਣ ਲੱਗ ਪਿਆ।

ਪਰ ਹੁਣ ਉਸਦਾ ਮਨ ਸ਼ਾਂਤ ਨਹੀਂ ਸੀ।

"ਇੱਕ ਵਾਰੀ ਹੋਰ ਗਿਣ ਲਵਾਂ!" ਉਸਨੇ ਸੋਚਿਆ। ਉਸਨੇ ਮੁੜ ਕੇ ਵੇਖਿਆ—ਤੇ ਫਿਰ ਸਿਰਫ਼ ਨੌਂ ਊਠ ਹੀ ਸਨ!





"ਇਹ ਇੱਕ ਊਠ ਵਾਰ-ਵਾਰ ਕਿੱਥੇ ਗਾਇਬ ਹੋ ਜਾਂਦਾ ਹੈ?" ਉਸਨੇ ਰੇਗਿਸਤਾਨ ਵੱਲ ਵੇਖ ਕੇ ਪੁੱਛਿਆ, ਪਰ ਕੋਈ ਜਵਾਬ ਨਾ ਮਿਲਿਆ।


ਵਪਾਰੀ ਰੁਕ ਗਿਆ। ਉਹ ਊਠਾਂ ਦੀ ਲਾਈਨ ਦੇ ਨਾਲ-ਨਾਲ ਤੁਰਦਾ ਹੋਇਆ ਗਿਣਨ ਲੱਗ ਪਿਆ:
"ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ, ਦੱਸ।"

ਫਿਰ ਉਹ ਵਾਪਸ ਉਲਟੀ ਦਿਸ਼ਾ ਵਿੱਚ ਵੀ ਗਿਣਤੀ ਕਰਦਾ ਗਿਆ:
"ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ, ਦੱਸ।"

ਹੁਣ ਉਹ ਸੰਤੁਸ਼ਟ ਹੋ ਗਿਆ ਅਤੇ ਕਹਿਣ ਲੱਗਾ,
"ਜਦੋਂ ਮੈਂ ਸਵਾਰ ਹੁੰਦਾ ਹਾਂ, ਤਾਂ ਇੱਕ ਊਠ ਘੱਟ ਹੋ ਜਾਂਦਾ ਹੈ। ਪਰ ਜਦੋਂ ਮੈਂ ਪੈਦਲ ਤੁਰਦਾ ਹਾਂ, ਤਾਂ ਸਾਰੇ ਦੱਸ ਊਠ ਮੌਜੂਦ ਰਹਿੰਦੇ ਹਨ। ਇਸ ਲਈ ਹੁਣ ਮੈਂ ਊਠ 'ਤੇ ਨਹੀਂ ਬੈਠਾਂਗਾ।"

ਉਹ ਊਠਾਂ ਵੱਲ ਮੁੜਿਆ ਅਤੇ ਕਿਹਾ,
"ਹੁਣ ਤੋਂ ਮੈਂ ਤੁਹਾਡੇ ਨਾਲ ਪੈਦਲ ਹੀ ਚਲਾਂਗਾ!"

ਇਸ ਤਰ੍ਹਾਂ ਵਪਾਰੀ ਤਪਦੇ ਸੂਰਜ ਹੇਠਾਂ ਰੇਗਿਸਤਾਨ ਵਿੱਚ ਪੈਦਲ ਤੁਰਦਾ ਹੋਇਆ ਕਾਫ਼ਲੇ ਨੂੰ ਅੱਗੇ ਲੈ ਜਾਂਦਾ ਰਿਹਾ।



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

ਜਾਦੂਈ ਪੈਂਸਿਲ

ਇੱਕ ਹੁਸ਼ਿਆਰ ਮੁੰਡਾ ਇੱਕ ਛੋਟੇ ਪਿੰਡ ਵਿੱਚ ਰਹਿੰਦਾ ਸੀ। ਸਭ ਉਸਨੂੰ "ਆਰਟੀ" ਕਹਿੰਦੇ ਸਨ ਕਿਉਂਕਿ ਉਹ ਚਿੱਤਰ ਬਣਾਉਣਾ ਬਹੁਤ ਪਸੰਦ ਕਰਦਾ ਸੀ।

ਆਰਟੀ ਹਰ ਵੇਲੇ ਚਿੱਤਰ ਬਣਾਉਂਦਾ ਰਹਿੰਦਾ ਸੀ। ਉਹ ਪੱਥਰਾਂ ਅਤੇ ਲੱਕੜੀਆਂ ਨੂੰ ਤਿੱਖਾ ਕਰਕੇ ਧਰਤੀ 'ਤੇ ਚਿੱਤਰ ਬਣਾਉਂਦਾ ਸੀ। ਪਿੰਡ ਦੀਆਂ ਗਲੀਆਂ ਉਸਦੇ ਚਿੱਤਰਾਂ ਨਾਲ ਭਰੀਆਂ ਹੋਈਆਂ ਸਨ।

ਇੱਕ ਦਿਨ ਆਰਟੀ ਨੇ ਸੋਚਿਆ, "ਜੇ ਮੇਰੇ ਕੋਲ ਇੱਕ ਪੈਂਸਿਲ ਹੁੰਦੀ, ਤਾਂ ਮੈਂ ਕਿੰਨੇ ਸੋਹਣੇ ਚਿੱਤਰ ਬਣਾਉਂਦਾ!" ਅਚਾਨਕ ਇੱਕ ਬੁੱਢਾ ਆਦਮੀ ਉਸਦੇ ਸਾਹਮਣੇ ਆ ਗਿਆ। ਉਸਨੇ ਆਰਟੀ ਨੂੰ ਇੱਕ ਪੈਂਸਿਲ ਦਿੱਤੀ।




ਉਸਨੇ ਕਿਹਾ, "ਆਪਣੇ ਚਿੱਤਰ ਸਿਰਫ਼ ਗਰੀਬ ਲੋਕਾਂ ਲਈ ਹੀ ਬਣਾਉਣਾ," ਅਤੇ ਫਿਰ ਗਾਇਬ ਹੋ ਗਿਆ।

ਆਰਟੀ ਬਹੁਤ ਖੁਸ਼ ਹੋ ਗਿਆ। ਉਸਨੇ ਤੁਰੰਤ ਇੱਕ ਮੁਰਗੀ ਦਾ ਚਿੱਤਰ ਬਣਾਇਆ। ਹੈਰਾਨੀ! ਚਿੱਤਰ ਅਸਲੀ ਮੁਰਗੀ ਬਣ ਗਿਆ! ਉਸਨੇ ਇੱਕ ਬਿੱਲੀ ਬਣਾਈ—ਉਹ ਵੀ ਅਸਲੀ ਬਣ ਗਈ!

ਹੁਣ ਆਰਟੀ ਨੂੰ ਸਮਝ ਆ ਗਿਆ ਕਿ ਇਹ ਇੱਕ ਜਾਦੂਈ ਪੈਂਸਿਲ ਹੈ।

ਉਸਨੇ ਇੱਕ ਗੇਂਦ ਬਣਾਈ, ਜੋ ਕਾਗਜ਼ ਤੋਂ ਛਾਲਾਂ ਮਾਰਦੀ ਬਾਹਰ ਆ ਗਈ। ਉਸਨੇ ਉਹ ਗੇਂਦ ਨੇੜੇ ਰਹਿੰਦੇ ਬੱਚਿਆਂ ਨੂੰ ਦੇ ਦਿੱਤੀ। ਉਸਨੇ ਇੱਕ ਕਾਪੀ, ਲਾਟੂ, ਕਮੀਜ਼, ਫੁੱਲ ਅਤੇ ਫਲ ਬਣਾਏ—ਸਾਰੇ ਅਸਲੀ ਬਣ ਗਏ। ਉਸਨੇ ਇਹ ਸਾਰੀਆਂ ਚੀਜ਼ਾਂ ਬੱਚਿਆਂ ਨੂੰ ਦੇ ਦਿੱਤੀਆਂ।



ਹੁਣ ਆਰਟੀ ਕਦੇ ਵੀ ਆਰਾਮ ਨਹੀਂ ਕਰਦਾ ਸੀ—ਇੱਕ ਪਲ ਲਈ ਵੀ ਨਹੀਂ! ਜਦੋਂ ਤੱਕ ਰੋਸ਼ਨੀ ਹੁੰਦੀ, ਉਹ ਚਿੱਤਰ ਬਣਾਉਂਦਾ ਰਹਿੰਦਾ ਸੀ। ਜਦੋਂ ਗਰੀਬ ਲੋਕ ਉਸਦੇ ਕੋਲ ਆਉਂਦੇ, ਉਹ ਉਹਨਾਂ ਦੀ ਮੰਗ ਅਨੁਸਾਰ ਚਿੱਤਰ ਬਣਾਉਂਦਾ ਅਤੇ ਉਹਨਾਂ ਨੂੰ ਦੇ ਦਿੰਦਾ ਸੀ।

ਜਲਦੀ ਹੀ ਰਾਜੇ ਨੂੰ ਇਸ ਜਾਦੂਈ ਪੈਂਸਿਲ ਬਾਰੇ ਪਤਾ ਲੱਗ ਗਿਆ। ਉਸਨੇ ਆਰਟੀ ਨੂੰ ਬੁਲਾਇਆ ਅਤੇ ਹੁਕਮ ਦਿੱਤਾ,
"ਮੇਰੇ ਲਈ ਸੋਨੇ ਦੇ ਸਿੱਕਿਆਂ ਨਾਲ ਭਰਿਆ ਇੱਕ ਦਰੱਖਤ ਬਣਾਓ।"

ਪਰ ਆਰਟੀ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ,
"ਹੇ ਰਾਜਾ ਜੀ! ਮੈਂ ਸਿਰਫ਼ ਗਰੀਬਾਂ ਲਈ ਹੀ ਚਿੱਤਰ ਬਣਾਉਂਦਾ ਹਾਂ, ਇਸ ਲਈ ਮੈਂ ਤੁਹਾਡੇ ਲਈ ਇਹ ਨਹੀਂ ਬਣਾ ਸਕਦਾ।"

ਰਾਜਾ ਗੁੱਸੇ ਵਿੱਚ ਆ ਗਿਆ। ਉਸਨੇ ਹੁਕਮ ਦਿੱਤਾ, "ਇਸਨੂੰ ਕੈਦ ਕਰ ਦਿਓ!"



ਆਰਟੀ ਨੂੰ ਕੈਦਖਾਨੇ ਵਿੱਚ ਲੈ ਜਾਇਆ ਗਿਆ। ਪਰ ਕੀ ਉਹ ਚੁੱਪਚਾਪ ਬੈਠ ਗਿਆ? ਨਹੀਂ!

ਉਸਨੇ ਆਪਣੀ ਜਾਦੂਈ ਪੈਂਸਿਲ ਕੱਢੀ ਅਤੇ ਇੱਕ ਚਾਬੀ ਦਾ ਚਿੱਤਰ ਬਣਾਇਆ।

ਦੇਖੋ! ਉਸਨੇ ਕੈਦਖਾਨੇ ਦਾ ਦਰਵਾਜ਼ਾ ਖੋਲ੍ਹ ਲਿਆ! ਹੁਣ ਉਹ ਆਜ਼ਾਦ ਹੋ ਕੇ ਬਾਹਰ ਨਿਕਲ ਰਿਹਾ ਹੈ!

(ਮਲੇਸ਼ੀਆਈ ਕਹਾਣੀ)



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist S. P. Raju



ਬਾਂਦਰ ਮਾਲੀ

05

ਇੱਕ ਵਾਰ ਇੱਕ ਰਾਜੇ ਨੇ ਆਪਣੇ ਸਾਰੇ ਲੋਕਾਂ ਲਈ ਛੁੱਟੀ ਦਾ ਐਲਾਨ ਕਰ ਦਿੱਤਾ। ਮਹਲ ਦੇ ਨੌਕਰਾਂ ਨੂੰ ਵੀ ਛੁੱਟੀ ਮਿਲ ਗਈ। ਸਭ ਆਪਣੇ ਕੰਮ ਜਲਦੀ-ਜਲਦੀ ਮੁਕਾਉਣ ਲੱਗ ਪਏ, ਤੋਹਫ਼ੇ ਖਰੀਦਣ ਲੱਗੇ ਅਤੇ ਸਾਮਾਨ ਪੈਕ ਕਰਨ ਲੱਗੇ। ਥੋੜ੍ਹੇ ਸਮੇਂ ਵਿੱਚ ਕਰਮਚਾਰੀਆਂ ਦੇ ਘਰ ਖਾਲੀ ਹੋ ਗਏ।

ਸਿਰਫ਼ ਮੱਹਲ ਦਾ ਮਾਲੀ ਹਿਚਕਿਚਾਇਆ। ਉਸਨੇ ਸੋਚਿਆ, “ਜੇ ਮੈਂ ਚਲਾ ਗਿਆ, ਤਾਂ ਸਾਰੇ ਬੂੱਟੇ ਸੁੱਕ ਜਾਣਗੇ।” ਫਿਰ ਵੀ ਉਹ ਆਪਣੇ ਪਰਿਵਾਰ ਨੂੰ ਮਿਲਣ ਲਈ ਤਰਸ ਰਿਹਾ ਸੀ। ਉਸਨੇ ਸੋਚਿਆ, “ਸ਼ਾਇਦ ਕੋਈ ਤਰੀਕਾ ਹੋਵੇ...”

ਰਾਜੇ ਦੇ ਬਾਗ ਵਿੱਚ ਬਾਂਦਰਾਂ ਦਾ ਇੱਕ ਝੁੰਡ ਰਹਿੰਦਾ ਸੀ। ਮਾਲੀ ਉਨ੍ਹਾਂ ਦੇ ਮੁੱਖੀ ਕੋਲ ਗਿਆ ਅਤੇ ਕਿਹਾ,





"ਤੁਸੀਂ ਸਾਰੇ ਬਾਗ ਵਿੱਚ ਆਜ਼ਾਦੀ ਨਾਲ ਮੌਜਾਂ ਕਰਦੇ ਹੋ। ਤੁਸੀਂ ਦਰੱਖਤਾਂ 'ਤੇ ਝੂਲੇ ਲੈਂਦੇ ਹੋ, ਸੁਆਦਲੇ ਫਲ ਖਾਂਦੇ ਹੋ, ਖੇਡਦੇ ਹੋ ਅਤੇ ਮਨਮਰਜ਼ੀ ਨਾਲ ਛਾਲਾਂ ਮਾਰਦੇ ਹੋ। ਹੁਣ ਕੀ ਤੁਸੀਂ ਮੇਰੇ ਲਈ ਇੱਕ ਕੰਮ ਕਰੋਗੇ?"

"ਜ਼ਰੂਰ!" ਬਾਂਦਰਾਂ ਦੇ ਮੁੱਖੀ ਨੇ ਕਿਹਾ।

ਮਾਲੀ ਨੇ ਕਿਹਾ, "ਮੈਂ ਆਪਣੇ ਪਰਿਵਾਰ ਨੂੰ ਮਿਲਣ ਜਾ ਰਿਹਾ ਹਾਂ। ਮੇਰੀ ਗੈਰਹਾਜ਼ਰੀ ਵਿੱਚ ਤੁਸੀਂ ਬੂੱਟਿਆਂ ਨੂੰ ਪਾਣੀ ਦੇਣਾ।"

ਸਾਰੇ ਬਾਂਦਰ ਇਕੱਠੇ ਹੋ ਗਏ। ਉਹ ਖੁਸ਼ੀ ਨਾਲ ਕਹਿਣ ਲੱਗੇ, "ਹਾਂ, ਹਾਂ! ਅਸੀਂ ਇਹ ਕਰ ਸਕਦੇ ਹਾਂ!"

ਮਾਲੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ, “ਧਿਆਨ ਰੱਖਣਾ ਕਿ ਬੂੱਟਿਆਂ ਨੂੰ ਠੀਕ ਮਾਤਰਾ ਵਿੱਚ ਪਾਣੀ ਮਿਲੇ —ਨਾ ਘੱਟ, ਨਾ ਵੱਧ।”

ਬਾਂਦਰਾਂ ਨੇ ਵਾਅਦਾ ਕੀਤਾ, ਅਤੇ ਮਾਲੀ ਖ਼ੁਸ਼ੀ ਨਾਲ ਆਪਣੇ ਪਿੰਡ ਵੱਲ ਰਵਾਨਾ ਹੋ ਗਿਆ।

ਸ਼ਾਮ ਨੂੰ ਬਾਂਦਰ ਪਾਣੀ ਵਾਲੇ ਡੱਬੇ ਲੈ ਕੇ ਬੂੱਟਿਆਂ ਨੂੰ ਪਾਣੀ ਦੇਣ ਲਈ ਤਿਆਰ ਹੋ ਗਏ। ਮੁੱਖੀ ਬਾਂਦਰ ਨੇ ਕਿਹਾ, “ਯਕੀਨੀ ਬਣਾਓ ਕਿ ਹਰ ਪੌਦੇ ਨੂੰ ਪੂਰਾ ਪਾਣੀ ਮਿਲੇ।”

ਇੱਕ ਛੋਟੇ ਬਾਂਦਰ ਨੇ ਪੁੱਛਿਆ, “ਪਰ ਪੂਰਾ ਪਾਣੀ ਕਿੰਨਾ ਹੁੰਦਾ ਹੈ?”

ਮੁੱਖੀ ਬਾਂਦਰ ਨੇ ਕੁਝ ਸਮੇਂ ਲਈ ਸੋਚਿਆ। ਫਿਰ ਕਿਹਾ, “ਹਰ ਬੂੱਟੇ ਨੂੰ ਉਖਾੜ ਕੇ ਉਸ ਦੀਆਂ ਜੜ੍ਹਾਂ ਵੇਖੋ। ਜਿਨ੍ਹਾਂ ਦੀਆਂ ਜੜ੍ਹਾਂ ਲੰਬੀਆਂ ਹਨ, ਉਹਨਾਂ ਨੂੰ ਵੱਧ ਪਾਣੀ ਦਿਓ ਅਤੇ ਜਿਨ੍ਹਾਂ ਦੀਆਂ ਛੋਟੀਆਂ ਹਨ, ਉਹਨਾਂ ਨੂੰ ਘੱਟ ਪਾਣੀ ਦਿਓ।”



ਫਿਰ ਬਾਂਦਰ ਸਾਰੇ ਬਾਗ ਵਿੱਚ ਫਿਰਦੇ ਹੋਏ ਬੂੱਟਿਆਂ ਨੂੰ ਉਖਾੜਣ ਲੱਗ ਪਏ। ਉਹ ਜੜ੍ਹਾਂ ਵੇਖਦੇ ਕਿ ਕਿਹੜੀਆਂ ਲੰਬੀਆਂ ਹਨ ਤੇ ਕਿਹੜੀਆਂ ਛੋਟੀਆਂ। ਜਲਦੀ ਹੀ ਉਹ ਆਪਸ ਵਿੱਚ ਝਗੜਣ ਲੱਗ ਪਏ—


"ਮੇਰੀਆਂ ਜੜ੍ਹਾਂ ਲੰਬੀਆਂ ਹਨ!"

"ਨਹੀਂ, ਮੇਰੀਆਂ ਵੱਧ ਲੰਬੀਆਂ ਹਨ!"

ਇਸ ਤਰ੍ਹਾਂ ਉਹ ਆਪਣਾ ਕੰਮ ਭੁੱਲ ਗਏ।

ਜਦੋਂ ਮਾਲੀ ਵਾਪਸ ਆਇਆ, ਤਾਂ ਉਸਨੇ ਇੱਕ ਡਰਾਉਣਾ ਦ੍ਰਿਸ਼ ਵੇਖਿਆ। ਜਿਨ੍ਹਾਂ ਬੂੱਟਿਆਂ ਦੀ ਉਸਨੇ ਪਿਆਰ ਨਾਲ ਦੇਖਭਾਲ ਕੀਤੀ ਸੀ, ਉਹ ਸਾਰੇ ਉਖੜੇ ਹੋਏ ਜ਼ਮੀਨ 'ਤੇ ਸੁੱਕੇ ਪਏ ਸਨ।

(ਜਾਤਕ ਕਥਾ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

ਅੱਧਾ ਤੇਰੇ ਲਈ, ਅੱਧਾ ਮੇਰੇ ਲਈ

ਇੱਕ ਕਿਸਾਨ ਦੇ ਕੋਲ ਜੰਗਲ ਦੇ ਨੇੜੇ ਇੱਕ ਖਾਲੀ ਖੇਤ ਸੀ। ਉਸਨੇ ਫ਼ੈਸਲਾ ਕੀਤਾ ਕਿ ਉਹ ਖੇਤ ਵਿੱਚ ਮੂੰਗਫਲੀ ਬੀਜੇਗਾ। ਮਿੱਟੀ ਤਿਆਰ ਕਰਨ ਤੋਂ ਬਾਅਦ ਉਸਨੇ ਬੀਜ ਬੀਜੇ, ਪਾਣੀ ਦਿੱਤਾ, ਘਾਹ-ਫੂਸ ਕੱਢਿਆ ਅਤੇ ਫ਼ਸਲ ਪੱਕਣ ਦੀ ਉਡੀਕ ਕਰਨ ਲੱਗ ਪਿਆ।

ਇਹ ਸੱਭ ਇੱਕ ਭਾਲੂ ਵੇਖ ਰਿਹਾ ਸੀ।

ਇੱਕ ਦਿਨ ਭਾਲੂ ਕਿਸਾਨ ਕੋਲ ਆਇਆ ਅਤੇ ਕਿਹਾ,

"ਓ ਕਿਸਾਨ! ਮੈਂ ਤੈਨੂੰ ਖਾ ਜਾਵਾਂਗਾ!" ਅਤੇ ਉਸਨੇ ਆਪਣਾ ਪੰਜਾ ਉੱਪਰ ਚੁੱਕ ਲਿਆ।

ਕਿਸਾਨ ਡਰ ਨਾਲ ਕੰਬਣ ਲੱਗ ਪਿਆ, ਪਰ ਉਸਨੇ ਤੁਰੰਤ ਸੋਚਿਆ ਅਤੇ ਕਿਹਾ, "ਓ ਭਾਲੂ ਜੀ! ਮੈਨੂੰ ਨਾ ਖਾਓ! ਜਦੋਂ ਮੇਰੀ ਮੂੰਗਫਲੀ ਦੀ ਫ਼ਸਲ ਤਿਆਰ ਹੋ ਜਾਏਗੀ, ਮੈਂ ਇਸਨੂੰ ਤੁਹਾਡੇ ਨਾਲ ਅੱਧੀ-ਅੱਧੀ ਵੰਡ ਲਵਾਂਗਾ।"





ਭਾਲੂ ਨੇ ਆਪਣਾ ਪੰਜਾ ਥੱਲੇ ਕਰ ਲਿਆ ਅਤੇ ਗਰਜ ਕੇ ਕਿਹਾ, "ਸਮਝ ਗਿਆ।!"

ਕਿਸਾਨ ਨੇ ਕਿਹਾ, “ਹਰ ਬੂੱਟੇ ਦੀ ਜੜ੍ਹ ਵਾਲਾ ਹਿੱਸਾ ਮੈਂ ਲਵਾਂਗਾ ਅਤੇ ਉੱਪਰ ਵਾਲਾ ਹਿੱਸਾ ਤੁਸੀਂ ਰੱਖ ਲਿਓ।” ਭਾਲੂ ਮੰਨ ਗਿਆ ਅਤੇ ਫ਼ਸਲ ਦੀ ਉਡੀਕ ਕਰਨ ਲਈ ਜੰਗਲ ਵਿੱਚ ਵਾਪਸ ਚਲਾ ਗਿਆ।

ਉਸ ਮੌਸਮ ਦੌਰਾਨ ਕਿਸਾਨ ਨੇ ਬਹੁਤ ਮਿਹਨਤ ਕੀਤੀ। ਉਸਦੇ ਖੇਤ ਹਰੇ-ਭਰੇ ਹੋ ਗਏ ਅਤੇ ਫ਼ਸਲ ਬਹੁਤ ਵਧੀਆ ਹੋਈ।

ਜਦੋਂ ਫ਼ਸਲ ਤਿਆਰ ਹੋਈ, ਭਾਲੂ ਆਪਣਾ ਹਿੱਸਾ ਲੈਣ ਆ ਗਿਆ। ਵਾਅਦੇ ਅਨੁਸਾਰ ਕਿਸਾਨ ਨੇ ਉਸਨੂੰ ਪੌਦਿਆਂ ਦਾ ਉੱਪਰਲਾ ਹਿੱਸਾ ਦੇ ਦਿੱਤਾ।

ਫਿਰ ਉਸਨੇ ਮੂੰਗਫਲੀ ਆਪਣੇ ਰੇਹੜੇ ‘ਤੇ ਭਰ ਲਈਆਂ। ਜਦੋਂ ਉਹ ਜਾਣ ਲੱਗਾ, ਤਾਂ ਭਾਲੂ ਗਰਜਿਆ,

“ਰੁਕ! ਮੈਨੂੰ ਕੁਝ ਜੜ੍ਹਾਂ ਵੀ ਦੇ। ਮੈਂ ਉਹਨਾਂ ਦਾ ਸਵਾਦ ਲੈਣਾ ਚਾਹੁੰਦਾ ਹਾਂ।”

ਕਿਸਾਨ ਕੋਲ ਹੋਰ ਕੋਈ ਚਾਰਾ ਨਹੀਂ ਸੀ। ਉਸਨੇ ਭਾਲੂ ਨੂੰ ਕੁਝ ਮੂੰਗਫਲੀਆਂ ਦੇ ਦਿੱਤੀਆਂ।

ਭਾਲੂ ਨੇ ਮੂੰਗਫਲੀ ਖਾਈ ਅਤੇ ਗੁੱਸੇ ਨਾਲ ਕਿਹਾ,

“ਇਹ ਜੜ੍ਹਾਂ ਤਾਂ ਬਹੁਤ ਸੁਆਦ ਹਨ, ਪਰ ਜਿਹੜੇ ਪੱਤੇ ਤੇ ਡੰਢਲ ਤੂੰ ਮੈਨੂੰ ਦਿੱਤੇ ਹਨ, ਉਹ ਬਿਲਕੁਲ ਬੇਸਵਾਦ ਹਨ। ਤੂੰ ਮੈਨੂੰ ਧੋਖਾ ਦਿੱਤਾ ਹੈ!”

ਉਸਨੇ ਆਪਣਾ ਪੰਜਾ ਉੱਪਰ ਚੁੱਕ ਲਿਆ...

ਕਿਸਾਨ ਨੇ ਤੁਰੰਤ ਕਿਹਾ,

“ਭਾਲੂ ਜੀ! ਗੁੱਸਾ ਨਾ ਕਰੋ। ਮੈਂ ਅਗਲੀ ਵਾਰੀ ਹੋਰ ਫ਼ਸਲ ਬੀਜਾਂਗਾ। ਉਸ ਵਿੱਚ ਤੁਸੀਂ ਜੜਾਂ ਲੈ ਲਿਓ ਅਤੇ ਮੈਂ ਉੱਪਰਲਾ ਹਿੱਸਾ ਲਵਾਂਗਾ।”

ਭਾਲੂ ਮੰਨ ਗਿਆ ਅਤੇ ਮੁੜ ਜੰਗਲ ਵਿੱਚ ਚਲਾ ਗਿਆ।

ਜਦੋਂ ਬੀਜ ਬੀਜਣ ਦਾ ਸਮਾਂ ਆਇਆ, ਕਿਸਾਨ ਨੇ ਖੇਤ ਵਿੱਚ ਮੱਕੀ ਬੀਜੀ। ਉਸਨੇ ਬਹੁਤ ਮਿਹਨਤ ਕੀਤੀ ਅਤੇ ਮੱਕੀ ਦੇ ਪੌਦੇ ਉੱਚੇ ਤੇ ਮਜ਼ਬੂਤ ਹੋ ਗਏ।

ਭਾਲੂ ਆਪਣਾ ਹਿੱਸਾ ਲੈਣ ਆਇਆ। ਇਸ ਵਾਰੀ ਕਿਸਾਨ ਨੇ ਉਸਨੂੰ ਜੜਾਂ ਦੇ ਦਿੱਤੀਆਂ ਅਤੇ ਮੱਕੀ ਦੇ ਟਾਂਡੇ ਆਪਣੇ ਰੇਹੜੇ ‘ਤੇ ਭਰ ਕੇ ਜਲਦੀ ਨਾਲ ਚਲਾ ਗਿਆ।



ਭਾਲੂ ਨੇ ਜੜ੍ਹਾਂ ਚੱਖੀਆਂ ਅਤੇ ਗੁੱਸੇ ਨਾਲ ਕਿਹਾ,
"ਇਹ ਤਾਂ ਬਹੁਤ ਮਾੜੀਆਂ ਹਨ! ਉਸਨੇ ਮੈਨੂੰ ਫਿਰ ਧੋਖਾ ਦਿੱਤਾ! ਜੇ ਉਹ ਮੁੜ ਕਦੇ ਇੱਥੇ ਆਇਆ, ਤਾਂ ਮੈਂ ਉਸਨੂੰ ਸਬਕ ਸਿਖਾਵਾਂਗਾ!"

ਪਰ ਉਹ ਚਾਲਾਕ ਕਿਸਾਨ—ਕੀ ਉਹ ਕਦੇ ਮੁੜ ਆਵੇਗਾ?



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਘਰ ਬਦਲਣਾ

ਇੱਕ ਵਾਰ ਇੱਕ ਅਮੀਰ ਆਦਮੀ ਨੇ ਵੱਡੇ ਸ਼ਹਿਰ ਦੀ ਨੌਕਰੀ ਤੋਂ ਰਿਟਾਇਰ ਹੋਣ ਦਾ ਫ਼ੈਸਲਾ ਕੀਤਾ। ਉਸਨੇ ਇੱਕ ਛੋਟੇ ਪਿੰਡ ਵਿੱਚ ਇੱਕ ਸੋਹਣਾ ਬੰਗਲਾ ਖਰੀਦਿਆ। ਘਰ ਬਦਲਣ ਤੋਂ ਬਾਅਦ ਉਹ ਆਪਣੇ ਨਵੇਂ ਵਰਾਂਡੇ ਵਿੱਚ ਬੈਠ ਕੇ ਸ਼ਾਂਤੀ ਅਤੇ ਸੁਕੂਨ ਦਾ ਆਨੰਦ ਲੈਣ ਲੱਗ ਪਿਆ।

ਪਰ ਅਗਲੇ ਹੀ ਦਿਨ ਸਵੇਰੇ ਉਸਦੀ ਸ਼ਾਂਤੀ ਟੁੱਟ ਗਈ!



ਅਮੀਰ ਆਦਮੀ ਦੇ ਬੰਗਲੇ ਦੇ ਖੱਬੇ ਪਾਸੇ ਲੁਹਾਰ ਦੀ ਦੁਕਾਨ ਸੀ ਅਤੇ ਸੱਜੇ ਪਾਸੇ ਤਰਖਾਣ ਦੀ ਦੁਕਾਨ।

ਸਾਰਾ ਦਿਨ “ਠੱਕ-ਠੱਕ, ਝਨ-ਝਨ” ਲੁਹਾਰ ਦੇ ਹਥੌੜੇ ਦੀ ਆਵਾਜ਼ ਆਉਂਦੀ ਰਹਿੰਦੀ ਸੀ। ਅਤੇ “ਜ਼ਜ਼ਜ਼ਜ਼..., ਜ਼ਜ਼ਜ਼ਜ਼...” ਤਰਖਾਣ ਦੀ ਆਰੀ ਦੀ ਗੂੰਜ ਸੁਣਾਈ ਦਿੰਦੀ ਸੀ।

ਲਗਾਤਾਰ ਸ਼ੋਰ ਉਸਦੇ ਕੰਨਾਂ ਨੂੰ ਚੀਰਦਾ ਸੀ। ਨਾ ਉਹ ਆਰਾਮ ਕਰ ਸਕਦਾ ਸੀ, ਨਾ ਢੰਗ ਨਾਲ ਨੀਂਦ ਲੈ ਸਕਦਾ ਸੀ। ਉਹ ਬਹੁਤ ਪਰੇਸ਼ਾਨ ਹੋ ਗਿਆ।

ਇੱਕ ਦਿਨ ਆਇਆ ਜਦੋਂ ਉਹ ਹੋਰ ਬਰਦਾਸ਼ਤ ਨਾ ਕਰ ਸਕਿਆ। ਉਸਨੇ ਲੁਹਾਰ ਅਤੇ ਤਰਖਾਣ ਨੂੰ ਬੁਲਾਇਆ। ਥੋੜ੍ਹੀ ਦੇਰ ਵਿੱਚ ਦੋਵੇਂ ਉਸਦੇ ਸਾਹਮਣੇ ਖੜੇ ਸਨ।



ਉਸਨੇ ਕਿਹਾ,

"ਤੁਹਾਡੇ ਘਰਾਂ ਸ਼ੋਰ ਆਉਂਦਾ ਹੈ ਕਿ ਮੈਂ ਨਾ ਆਰਾਮ ਕਰ ਸਕਦਾ ਹਾਂ ਤੇ ਨਾ ਹੀ ਨੀਂਦ ਲੈ ਸਕਦਾ ਹਾਂ।"

ਉਹਨਾਂ ਨੇ ਹਲੀਮੀ ਨਾਲ ਜਵਾਬ ਦਿੱਤਾ,

"ਸਾਹਿਬ, ਸਾਨੂੰ ਮੁਆਫ਼ ਕਰੋ। ਪਰ ਅਸੀਂ ਕੀ ਕਰੀਏ? ਅਸੀਂ ਗਰੀਬ ਲੋਕ ਹਾਂ ਅਤੇ ਸਾਨੂੰ ਕੰਮ ਕਰਨਾ ਪੈਂਦਾ ਹੈ।"

ਅਮੀਰ ਆਦਮੀ ਨੇ ਕਿਹਾ,

"ਕਿਰਪਾ ਕਰਕੇ ਆਪਣੇ ਘਰ ਕਿਸੇ ਹੋਰ ਥਾਂ ਲੈ ਜਾਓ।" ਅਤੇ ਉਸਨੇ ਉਹਨਾਂ ਨੂੰ ਚੰਗੀ ਰਕਮ ਦੇਣ ਦੀ ਪੇਸ਼ਕਸ਼ ਕੀਤੀ।

ਦੋਵੇਂ ਕਾਰੀਗਰ ਮੰਨ ਗਏ ਅਤੇ ਖੁਸ਼ੀ-ਖੁਸ਼ੀ ਚਲੇ ਗਏ।

ਜਦੋਂ ਅਮੀਰ ਆਦਮੀ ਨੇ ਉਹਨਾਂ ਨੂੰ ਆਪਣੇ ਸੰਦ-ਸਾਮਾਨ ਅਤੇ ਘਰੇਲੂ ਚੀਜ਼ਾਂ ਗੱਡੀਆਂ 'ਤੇ ਲੱਦਦੇ ਵੇਖਿਆ, ਤਾਂ ਉਹ ਬਹੁਤ ਖੁਸ਼ ਹੋਇਆ।

"ਹੁਣ ਆਖ਼ਿਰਕਾਰ ਮੈਨੂੰ ਆਰਾਮ ਮਿਲੇਗਾ!"

ਉਸਨੇ ਸੋਚਿਆ ਅਤੇ ਸਿੱਧਾ ਸੌਣ ਚਲਾ ਗਿਆ।



ਪਰ ਅਗਲੇ ਦਿਨ ਉਹ ਫਿਰ ਉਸੇ ਭਿਆਨਕ ਸ਼ੋਰ ਨਾਲ ਜਾਗਿਆ!

"ਇਹ ਕੀ ਹੋ ਗਿਆ?" ਉਸਨੇ ਹੈਰਾਨ ਹੋ ਕੇ ਸੋਚਿਆ। ਉਸਨੇ ਆਪਣੇ ਨੌਕਰ ਨੂੰ ਪਤਾ ਕਰਨ ਲਈ ਭੇਜਿਆ।

ਨੌਕਰ ਦੌੜਦਾ ਹੋਇਆ ਵਾਪਸ ਆਇਆ ਅਤੇ ਕਹਿਣ ਲੱਗਾ, "ਮਾਲਕ ਜੀ! ਲੁਹਾਰ ਅਤੇ ਤਰਖਾਣ ਦੋਵਾਂ ਨੇ ਆਪਣੇ ਘਰ ਬਦਲ ਲਏ ਹਨ। ਪਰ ਲੁਹਾਰ ਹੁਣ ਤਰਖਾਣ ਦੇ ਘਰ ਵਿੱਚ ਰਹਿੰਦਾ ਹੈ ਅਤੇ ਤਰਖਾਣ ਲੁਹਾਰ ਦੇ ਘਰ ਵਿੱਚ!"


(ਕੋਰੀਆਈ ਕਹਾਣੀ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist S. P. Raju

ਪੰਛੀ ਕਿਸਦਾ?



ਇੱਕ ਸੁਹਾਵਣੀ ਸਵੇਰ ਸੀ। ਬਾਗ ਪੂਰੀ ਤਰ੍ਹਾਂ ਖਿੜਿਆ ਹੋਇਆ ਸੀ। ਦਰੱਖਤਾਂ 'ਤੇ ਪੰਛੀ ਚਹਿਚਹਾ ਰਹੇ ਸਨ ਅਤੇ ਗਾ ਰਹੇ ਸਨ। ਰਾਜਕੁਮਾਰ ਸਿੱਧਾਰਥ ਫੁੱਲਾਂ ਦੀ ਖੁਸ਼ਬੂ ਦਾ ਆਨੰਦ ਲੈ ਰਹੇ ਸਨ।



ਅਚਾਨਕ ਪੰਛੀ ਇਧਰ-ਉਧਰ ਉੱਡਣ ਲੱਗ ਪਏ। "ਕੀ ਹੋਇਆ ਹੈ?" ਰਾਜਕੁਮਾਰ ਨੇ ਸੋਚਿਆ।

ਉਸੇ ਸਮੇਂ ਇੱਕ ਹੰਸ ਆਕਾਸ਼ ਤੋਂ ਡਿੱਗਿਆ! ਉਹ ਸਿੱਧਾਰਥ ਦੇ ਪੈਰਾਂ ਕੋਲ ਆ ਡਿੱਗਿਆ। ਇੱਕ ਤੀਰ ਉਸਦੇ ਸਰੀਰ ਵਿੱਚ ਵਿੰਨਿਆ ਹੋਇਆ ਸੀ। ਉਹ ਦਰਦ ਅਤੇ ਡਰ ਨਾਲ ਕੰਬ ਰਿਹਾ ਸੀ!



ਸਿੱਧਾਰਥ ਨੇ ਪੰਛੀ ਨੂੰ ਉਠਾਇਆ। ਉਸਨੇ ਧਿਆਨ ਨਾਲ ਤੀਰ ਬਾਹਰ ਕੱਢਿਆ। ਜ਼ਖ਼ਮ 'ਤੇ ਦਵਾਈ ਲਗਾਈ। ਹੰਸ ਨੂੰ ਆਪਣੀ ਗੋਦ ਵਿੱਚ ਰੱਖ ਕੇ ਉਹ ਉਸਨੂੰ ਹੌਲੇ-ਹੌਲੇ ਪਿਆਰ ਕਰਨ ਲੱਗਾ। ਹੰਸ ਸ਼ਾਂਤ ਹੋਣ ਲੱਗ ਪਿਆ ਅਤੇ ਆਖ਼ਿਰ ਉਹ ਕੰਬਣਾ ਬੰਦ ਕਰ ਗਿਆ।

ਅਚਾਨਕ ਸਿੱਧਾਰਥ ਦਾ ਭਰਾ ਦੇਵਦੱਤ ਦੌੜਦਾ ਹੋਇਆ ਆਇਆ। ਉਸਨੇ ਸਿੱਧਾਰਥ ਦੀ ਗੋਦ ਵਿੱਚ ਹੰਸ ਨੂੰ ਵੇਖਿਆ ਅਤੇ ਰੁਕ ਗਿਆ।

"ਮੈਨੂੰ ਇਹ ਪੰਛੀ ਦੇ ਦਿਓ," ਉਸਨੇ ਕਿਹਾ। "ਇਹ ਮੇਰਾ ਹੈ!"



ਪਰ ਸਿੱਧਾਰਥ ਨੇ ਕਿਹਾ,
"ਨਹੀਂ! ਇਹ ਪੰਛੀ ਮੇਰਾ ਹੈ। ਮੈਂ ਇਸਦੀ ਜ਼ਿੰਦਗੀ ਬਚਾਈ ਹੈ।"

ਉਸਨੇ ਹੰਸ ਨੂੰ ਆਪਣੇ ਸੀਨੇ ਨਾਲ ਲਗਾਇਆ ਅਤੇ ਮੱਹਲ ਵੱਲ ਤੁਰ ਪਿਆ। ਦੇਵਦੱਤ ਵੀ ਉਸਦੇ ਪਿੱਛੇ-ਪਿੱਛੇ ਤੁਰਨ ਲੱਗਾ[

ਦੋਵੇਂ ਭਰਾ ਰਾਜੇ ਕੋਲ ਪਹੁੰਚੇ। ਦੇਵਦੱਤ ਨੇ ਸ਼ਿਕਾਇਤ ਕੀਤੀ,
"ਸਿੱਧਾਰਥ ਮੈਨੂੰ ਮੇਰਾ ਪੰਛੀ ਨਹੀਂ ਦੇ ਰਿਹਾ।"

ਸਿੱਧਾਰਥ ਨੇ ਕਿਹਾ,
"ਪਿਤਾ ਜੀ, ਦੇਵਦੱਤ ਨੇ ਤੀਰ ਮਾਰ ਕੇ ਇਸ ਪੰਛੀ ਨੂੰ ਜ਼ਖ਼ਮੀ ਕੀਤਾ ਹੈ, ਪਰ ਮੈਂ ਇਸਦਾ ਇਲਾਜ ਕਰਕੇ ਇਸਦੀ ਜ਼ਿੰਦਗੀ ਬਚਾਈ ਹੈ। ਇਸ ਲਈ ਇਹ ਪੰਛੀ ਮੇਰਾ ਹੈ।"



ਦੇਵਦੱਤ ਨੇ ਕਿਹਾ,

"ਮੈਂ ਇਸਨੂੰ ਪਹਿਲਾਂ ਵੇਖਿਆ ਸੀ, ਇਸ ਲਈ ਇਹ ਮੇਰਾ ਹੈ।"

ਰਾਜੇ ਨੇ ਕੁਝ ਸਮਾਂ ਸੋਚਿਆ ਅਤੇ ਫਿਰ ਕਿਹਾ,

"ਦੇਵਦੱਤ, ਤੂੰ ਇਸ ਪੰਛੀ ਨੂੰ ਮਾਰਨਾ ਚਾਹੁੰਦਾ ਸੀ, ਪਰ ਸਿੱਧਾਰਥ ਨੇ ਇਸਦੀ ਜ਼ਿੰਦਗੀ ਬਚਾਈ ਹੈ। ਜ਼ਿੰਦਗੀ ਬਚਾਉਣਾ, ਜ਼ਿੰਦਗੀ ਲੈਣ ਨਾਲੋਂ ਵੱਡਾ ਕੰਮ ਹੈ। ਇਸ ਲਈ ਇਹ ਪੰਛੀ ਸਿੱਧਾਰਥ ਦਾ ਹੈ।"



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਊਠ ਅਤੇ ਲੂੰਬੜੀ

"ਓਏ ਊਠ ਭਰਾ!" ਲੂੰਬੜੀ ਨੇ ਆਵਾਜ਼ ਮਾਰੀ। "ਨਦੀ ਦੇ ਪਾਰ ਵੇਖੋ! ਕੀ ਤੁਹਾਨੂੰ ਉਹ ਸਾਰੇ ਰਸਦਾਰ ਖੀਰੇ ਦਿਸ ਰਹੇ ਹਨ? ਆਓ, ਚੱਲੀਏ ਤੇ ਖਾਈਏ!"

"ਹਾਂ, ਚੱਲੀਏ!" ਊਠ ਨੇ ਕਿਹਾ। ਉਸਨੇ ਲੂੰਬੜੀ ਨੂੰ ਆਪਣੀ ਪਿੱਠ 'ਤੇ ਚੜ੍ਹਾਇਆ ਅਤੇ ਨਦੀ ਪਾਰ ਕਰਨ ਲੱਗ ਪਿਆ।

ਜਦੋਂ ਉਹ ਦੂਜੇ ਕੰਢੇ 'ਤੇ ਪਹੁੰਚੇ, ਲੂੰਬੜੀ ਥੱਲੇ ਉੱਤਰ ਗਈ। ਦੋਵੇਂ ਖੇਤ ਵਿੱਚ ਗਏ ਅਤੇ ਖੀਰੇ ਖਾਣ ਲੱਗ ਪਏ।

"ਮਜ਼ੇਦਾਰ!" ਉਹ ਕਹਿਣ ਲੱਗੇ।





ਲੂੰਬੜੀ ਨੇ ਥੋੜ੍ਹੇ ਹੀ ਖੀਰੇ ਖਾਧੇ ਅਤੇ ਉਸਦਾ ਪੇਟ ਭਰ ਗਿਆ। ਹੁਣ ਉਹ ਉੱਥੋਂ ਜਾਣਾ ਚਾਹੁੰਦੀ ਸੀ, ਪਰ ਊਠ ਹਾਲੇ ਵੀ ਖਾਂਦਾ ਹੀ ਜਾ ਰਿਹਾ ਸੀ।

ਲੂੰਬੜੀ ਇਧਰ-ਉਧਰ ਦੌੜਣ ਲੱਗੀ ਅਤੇ ਕਹਿਣ ਲੱਗੀ,
"ਭਰਾ! ਕੀ ਤੁਸੀਂ ਹਾਲੇ ਤੱਕ ਰੱਜੇ ਨਹੀਂ?"

ਊਠ ਨੇ ਕਿਹਾ,
"ਮੇਰਾ ਪੇਟ ਹਾਲੇ ਅੱਧਾ ਵੀ ਨਹੀਂ ਭਰਿਆ! ਚੁੱਪ ਰਹੋ ਅਤੇ ਮੈਨੂੰ ਖਾਣ ਦਿਓ।"

ਲੂੰਬੜੀ ਨੇ ਕਿਹਾ,
"ਮੈਂ ਚੁੱਪ ਨਹੀਂ ਰਹਿ ਸਕਦੀ! ਜਦੋਂ ਮੇਰਾ ਪੇਟ ਭਰ ਜਾਂਦਾ ਹੈ, ਮੈਨੂੰ ਆਕਾਸ਼ ਵੱਲ ਵੇਖ ਕੇ ਚੀਕਣ ਦੀ ਆਦਤ ਹੈ। ਮੁਆਫ਼ ਕਰਨਾ!"

ਅਤੇ ਉਹ ਚੀਕਣ ਲੱਗ ਪਈ—"ਊਊਊਊ!"



ਇਲਾਕੇ ਦੇ ਲੋਕਾਂ ਨੇ ਇਹ ਆਵਾਜ਼ ਸੁਣੀ। ਉਹ ਡੰਡੇ ਲੈ ਕੇ ਦੌੜਦੇ ਹੋਏ ਆ ਗਏ। ਲੂੰਬੜੀ ਤਾਂ ਭੱਜ ਕੇ ਨਦੀ ਦੇ ਕੰਢੇ ‘ਤੇ ਪਹੁੰਚ ਗਈ, ਪਰ ਵਿਚਾਰਾ ਊਠ ਫੱਸ ਗਿਆ।

ਲੋਕਾਂ ਨੇ ਉਸਨੂੰ ਫੜ ਲਿਆ ਅਤੇ ਬਹੁਤ ਮਾਰਿਆ। ਕਿਸੇ ਤਰ੍ਹਾਂ ਉਹ ਛੁੱਟ ਕੇ ਲੂੰਬੜੀ ਕੋਲ ਪਹੁੰਚ ਗਿਆ।

ਲੂੰਬੜੀ ਨੇ ਕਿਹਾ,
“ਹਾਏ! ਉਹਨਾਂ ਨੇ ਤੁਹਾਨੂੰ ਬਹੁਤ ਮਾਰਿਆ!”

ਊਠ ਨੇ ਕਿਹਾ,
“ਕੋਈ ਗੱਲ ਨਹੀਂ। ਆਓ, ਮੇਰੀ ਪਿੱਠ ‘ਤੇ ਬੈਠੋ, ਅਸੀਂ ਇੱਥੋਂ ਚੱਲੀਏ।”



ਜਦੋਂ ਉਹ ਨਦੀ ਦੇ ਵਿਚਕਾਰ ਪਹੁੰਚੇ, ਊਠ ਅਚਾਨਕ ਰੁਕ ਗਿਆ ਅਤੇ ਇੱਕ ਪਾਸੇ ਤੋਂ ਦੂਜੇ ਪਾਸੇ ਝੂਲਣ ਲੱਗ ਪਿਆ।

ਲੂੰਬੜੀ ਡਰ ਗਈ ਅਤੇ ਕਹਿਣ ਲੱਗੀ,

"ਓਏ ! ਤੁਸੀਂ ਇਸ ਤਰ੍ਹਾਂ ਕਿਉਂ ਝੂਲ ਰਹੇ ਹੋ? ਮੈਂ ਤਾਂ ਪਾਣੀ ਵਿੱਚ ਡਿੱਗ ਜਾਵਾਂਗੀ!"

ਊਠ ਨੇ ਕਿਹਾ,


"ਚਿੰਤਾ ਨਾ ਕਰੋ ! ਮੈਨੂੰ ਖਾਣ ਤੋਂ ਬਾਅਦ ਝੂਲਣ ਦੀ ਆਦਤ ਹੈ। ਮੁਆਫ਼ ਕਰਨਾ!"

ਅਤੇ ਉਹ ਹੋਰ ਵੀ ਜ਼ੋਰ ਨਾਲ ਝੂਲਣ ਲੱਗ ਪਿਆ।

ਲੂੰਬੜੀ ਚੀਕਣ ਲੱਗੀ, "ਕਿਰਪਾ ਕਰਕੇ ਰੁਕ ਜਾਓ!"

ਪਰ ਊਠ ਨਹੀਂ ਰੁਕਿਆ—ਅਤੇ ਲੂੰਬੜੀ ਪਾਣੀ ਵਿੱਚ ਡਿੱਗ ਪਈ। ਵਿਚਾਰੀ ਲੂੰਬੜੀ!

(ਪੰਚਤੰਤਰ ਕਹਾਣੀ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਟਾਹਣੀ ਦਾ ਸਫ਼ਰ

"ਟੱਪ!"
ਇੱਕ ਸੁੱਕੀ ਟਾਹਣੀ ਟਾਹਣ ਤੋਂ ਟੁੱਟ ਗਈ। ਉਹ ਜ਼ਮੀਨ 'ਤੇ ਡਿੱਗ ਪਈ। ਪਰ ਕੀ ਉਹ ਚੁੱਪ ਚਾਪ ਪਈ ਰਹੀ? ਬਿਲਕੁਲ ਨਹੀਂ! ਉਹ ਉੱਠੀ ਤੇ ਘੁੰਮਣ ਲੱਗ ਪਈ।





ਥੋੜ੍ਹੀ ਦੇਰ ਬਾਅਦ ਟਾਹਣੀ ਇੱਕ ਦਰਿਆ ਕੋਲ ਆ ਪਹੁੰਚੀ। ਉਸ ਨੇ ਪਾਣੀ ਵਿੱਚ ਛਾਲ ਮਾਰ ਦਿੱਤੀ ਅਤੇ ਤੈਰਦੀ ਹੋਈ ਅੱਗੇ ਵੱਧਣ ਲੱਗੀ। ਉਹ ਲਹਿਰਾਂ ਨਾਲ ਖੇਡਣ ਲੱਗੀ। ਉਸ ਨੂੰ ਬਹੁਤ ਮਜ਼ਾ ਆ ਰਿਹਾ ਸੀ!

ਅਚਾਨਕ... ! ਟਾਹਣੀ ਨੇ ਉੱਪਰ ਵੇਖਿਆ ਅਤੇ ਇੱਕ ਟਾਹਣ 'ਤੇ ਬੈਠੀ ਕੋਇਲ ਨੂੰ ਦੇਖਿਆ। ਉਹ ਸੁਹਣਾ ਗੀਤ ਗਾ ਰਹੀ ਸੀ।

ਟਾਹਣੀ ਪਾਣੀ ਦੇ ਕਿਨਾਰੇ ਆ ਗਈ ਅਤੇ ਸੁਣਨ ਲਈ ਰੁਕ ਗਈ।

ਉਹ ਕੋਇਲ ਦੀ ਤਾਰੀਫ਼ ਕਰਨਾ ਚਾਹੁੰਦੀ ਸੀ। ਪਰ... "..." "..." ਟਾਹਣੀ ਬੋਲ ਨਹੀਂ ਸਕੀ! ਉਹ ਉਦਾਸ ਹੋ ਕੇ ਮੁੜ ਚੱਲ ਪਈ।






ਥੋੜ੍ਹੀ ਦੇਰ ਬਾਅਦ ਟਾਹਣੀ ਇੱਕ ਗੁਲਾਬ ਦੇ ਬੂਟੇ ਕੋਲ ਆਈ। ਉਹ ਕਹਿਣਾ ਚਾਹੁੰਦੀ ਸੀ, “ਤੂੰ ਬਹੁਤ ਸੁਹਣਾ ਹੈਂ!” ਪਰ ਉਹ ਨਹੀਂ ਕਹਿ ਸਕੀ।

ਕੁਝ ਅੱਗੇ ਉਸ ਨੇ ਇੱਕ ਡੱਡੂ ਨੂੰ ਕਵਿਤਾ ਲਿਖਦੇ ਵੇਖਿਆ! ਟਾਹਣੀ ਚਾਹੁੰਦੀ ਸੀ ਕਿ ਉਹ ਇੱਕ-ਅੱਧ ਲਾਈਨ ਸੁਝਾਏ। ਪਰ, ਬੇਸ਼ੱਕ, ਉਹ ਨਹੀਂ ਕਰ ਸਕੀ।


ਵਿਚਾਰੀ ਟਾਹਣੀ! ਉਹ ਮੁੜ ਕੇ ਆਪਣੇ ਆਏ ਹੋਏ ਰਸਤੇ ਵੱਲ ਵੇਖਣ ਲੱਗੀ।






ਆਹਾ ! ਇਹ ਕੀ ਸੀ? ਜ਼ਮੀਨ ‘ਤੇ ਇੱਕ ਲਕੀਰ ਖਿੱਚੀ ਹੋਈ ਸੀ, ਜੋ ਸਿੱਧੀ ਟਾਹਣੀ ਤੱਕ ਆ ਰਹੀ ਸੀ! ਉਹ ਲਕੀਰ ਉਸਦਾ ਆਪਣਾ ਨਿਸ਼ਾਨ ਸੀ!

ਟਾਹਣੀ ਖੁਸ਼ੀ ਨਾਲ ਝੂਮ ਉੱਠੀ। ਉਹ ਚਿੱਤਰ ਬਣਾਉਣ ਲੱਗ ਪਈ। ਪਹਿਲਾਂ ਉਸ ਨੇ ਲਕੀਰਾਂ ਬਣਾਈਆਂ। ਫਿਰ ਉਸ ਨੇ ਤਸਵੀਰਾਂ ਬਣਾਈਆਂ — ਹਿੰਮਤ ਵਾਲੀਆਂ, ਸੋਹਣੀਆਂ ਤਸਵੀਰਾਂ!



ਜੰਗਲ ਦੇ ਜਾਨਵਰ ਅਤੇ ਪੰਛੀ ਉਸਦੇ ਆਲੇ-ਦੁਆਲੇ ਇਕੱਠੇ ਹੋ ਗਏ। ਪਰ ਟਾਹਣੀ ਨੂੰ ਇਸਦਾ ਅਹਿਸਾਸ ਹੀ ਨਾ ਹੋਇਆ। ਉਹ ਆਪਣੇ ਚਿੱਤਰਾਂ ਵਿੱਚ ਡੁੱਬੀ ਹੋਈ ਸੀ।

ਥੋੜ੍ਹੀ ਦੇਰ ਵਿੱਚ ਇੱਕ ਅਦਭੁਤ ਦ੍ਰਿਸ਼ ਬਣ ਗਿਆ। ਉਹ ਰਾਹਾਂ ਨੂੰ ਭਰ ਗਿਆ ਅਤੇ ਹਰ ਪਾਸੇ ਫੈਲ ਗਿਆ। ਜੰਗਲ ਵਿੱਚ ਕਿਸੇ ਨੇ ਵੀ ਕਦੇ ਅਜਿਹਾ ਕੁਝ ਨਹੀਂ ਵੇਖਿਆ ਸੀ!




ਹਰ ਕੋਈ ਟਾਹਣੀ ਦੀ ਤਾਰੀਫ਼ ਕਰਨਾ ਚਾਹੁੰਦਾ ਸੀ।



ਪੰਛੀਆਂ ਨੇ ਆਪਣੇ ਖੰਭ ਫੜਫੜਾਏ ਅਤੇ ਗੀਤ ਗਾਏ। ਫੁੱਲ ਖਿੜ ਪਏ ਅਤੇ ਝੂਮਣ ਲੱਗੇ। ਤਿਤਲੀਆਂ ਗੂੰਜਣ ਲੱਗੀਆਂ। ਦਰੱਖਤਾਂ ਨੇ ਹੌਲੇ-ਹੌਲੇ ਆਪਣੀਆਂ ਟਾਹਣੀਆਂ ਹਿਲਾਈਆਂ।

ਪਰ ਟਾਹਣੀ ਨੇ ਨਾ ਕੁਝ ਵੇਖਿਆ, ਨਾ ਕੁਝ ਸੁਣਿਆ। ਉਸਦਾ ਮਨ ਸਿਰਫ਼ ਚਿੱਤਰਾਂ ਨਾਲ ਭਰਿਆ ਹੋਇਆ ਸੀ। ਉਹ ਬਣਾਉਂਦੀ ਹੀ ਗਈ।





ਅਚਾਨਕ ਅਸਸਮਾਨ ਕਾਲਾ ਹੋ ਗਿਆ। ਟਪ-ਟਪ, ਟਪ-ਟਪ... ਮੀਂਹ ਦੀ ਬੂੰਦਾਂ ਨੇ ਸਾਰੇ ਸੋਹਣੇ ਚਿੱਤਰ ਮਿਟਾ ਦਿੱਤੇ! ਜੰਗਲ ਚੁੱਪਚਾਪ ਦੁਖੀ ਹੋ ਗਿਆ।

ਪਰ ਟਾਹਣੀ ਬਿਲਕੁਲ ਚਿੰਤਤ ਨਹੀਂ ਸੀ। ਉਹ ਜਦੋਂ ਚਾਹੇ ਨਵੇਂ ਚਿੱਤਰ ਬਣਾ ਸਕਦੀ ਸੀ!

ਹੁਣ ਉਹ ਇੱਕ ਪੱਤੇ ਹੇਠਾਂ ਛੁਪ ਗਈ ਅਤੇ ਮੀਂਹ ਰੁਕਣ ਦੀ ਉਡੀਕ ਕਰਨ ਲੱਗੀ। ਬੱਦਲ ਹੁਣ ਖੁਲ੍ਹਣ ਲੱਗ ਪਏ ਸਨ...



(John Lechner ਦੀ ਕਹਾਣੀ
"The Clever Stick" 'ਤੇ ਆਧਾਰਿਤ)

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy